2026 / 10 ...
D.A-1
04/7/2026

SIR

ਚੋਣਕਾਰ ਰਜਿਸਟਰੇਸ਼ਨ ਅਫਸਰ, 092-ਬਠਿੰਡਾ (ਸ਼ਹਿਰੀ)
-ਕਮ- ਉਪ ਮੰਡਲ ਮੈਜਿਸਟਰੇਟ, ਬਠਿੰਡਾ

(Room No. 316, 2nd Floor, Mini Secretariat, Bathinda) E-Mail ID :- ero92bathindaurban@gmail.com

ਪੱਤਰ ਨੰ. 1203-04 /ਚੋਣਾਂ 2026 | ਮਿਤੀ 24/07/2026

ਵਿਖੇ

01. ਸਮੂਹ ਵਿਭਾਗਾਂ ਦੇ ਮੁੱਖੀ,
ਜ਼ਿਲ੍ਹਾ ਬਠਿੰਡਾ।
02. ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ/ਐਲੀਮੈਂਟਰੀ),
ਬਠਿੰਡਾ।

ਵਿਸ਼ਾ :- Conduct of Special Camps for collection and subsequent Digitization of Enumeration Forms (EF) Under SIR 2026, on 25 July 2026 and 26 July 2026.

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਾਨਯੋਗ ਮੁੱਖ ਚੋਣ ਅਫਸਰ ਪੰਜਾਬ ਜੀ ਵਲੋਂ ਅੱਜ ਮਿਤੀ:24-07-2026 ਨੂੰ ਕੀਤੀ ਗਈ ਵੀਡੀਓ ਕਾਨਫਰੰਸ ਵਿੱਚ ਜਾਰੀ ਹਦਾਇਤਾਂ ਦੀ ਪਾਲਣਾ ਵਿੱਚ ਲਿਖਿਆ ਜਾਂਦਾ ਹੈ ਕਿ Special Intensive Revision 2026 ਸਬੰਧੀ ਬੀ.ਐਲ.ਓਜ਼ ਵਲੋਂ ਮਿਤੀ:25-07-2026 ਅਤੇ 26-07-2026 ਨੂੰ ਸਵੇਰੇ 08:00 ਵਜੇ ਤੋਂ ਦੁਪਹਿਰ 03:00 ਵਜੇ ਤੱਕ ਪੋਲਿੰਗ ਬੂਥਾਂ ਉਪਰ ਬੈਠ ਕੇ ਈ.ਐਫ. ਪ੍ਰਾਪਤ ਕਰਕੇ ਉਨ੍ਹਾਂ ਨੂੰ ਡਿਜੀਟਾਈਜ਼ ਕਰਨ ਦਾ ਕੰਮ ਕੀਤਾ ਜਾਣਾ ਹੈ। ਇਸ ਲਈ ਉਕਤ ਮਿਤੀਆਂ ਨੂੰ ਜਿਨ੍ਹਾਂ ਬਿਲਡਿੰਗਾਂ ਵਿੱਚ ਪੋਲਿੰਗ ਬੂਥ ਬਣੇ ਹੋਏ ਹਨ, ਉਨ੍ਹਾਂ ਨੂੰ ਖੁੱਲਾ ਰੱਖਿਆ ਜਾਵੇ ਅਤੇ ਬੀ.ਐਲ.ਓ. ਨੂੰ ਲੋੜੀਂਦਾ ਫਰਨੀਚਰ ਅਤੇ ਸਹਿਯੋਗ ਦੇਣਾ ਯਕੀਨੀ ਬਣਾਇਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
092 ਬਠਿੰਡਾ ਸ਼ਹਿਰੀ -ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਪਿੱਠ ਅੰਕਣ ਨੰ:1205-10/ਚੋਣਾਂ | ਮਿਤੀ:24/07/2026

ਇਸ ਦਾ ਇੱਕ ਉਤਾਰਾ

1. ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
2. ਏ.ਈ.ਆਰ.ਓ.-1 ਅਤੇ ਏ.ਈ.ਆਰ.ਓ. -2 ਪਾਸ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਕੈਂਪਾਂ ਦੇ ਨਿੱਜੀ ਪੱਧਰ ਤੇ ਚੈਕਿੰਗ ਕੀਤੀ ਜਾਣੀ ਯਕੀਨੀ ਬਣਾਈ ਜਾਵੇ।
3. ਡੀ.ਪੀ.ਆਰ.ਓ. ਬਠਿੰਡਾ ਪਾਸ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਲੱਗਣ ਵਾਲੇ ਕੈਂਪ ਦੀ ਮੁਨਾਦੀ ਡਿਜ਼ੀਟਲ ਮੀਡੀਆ ਰਾਹੀਂ ਅੱਜ ਹੀ ਕਰਵਾ ਦਿੱਤੀ ਜਾਵੇ।
4. ਸੁਪਰਵਾਈਜ਼ਰ, 092 ਬਠਿੰਡਾ (ਸ਼ਹਿਰੀ) ਵਿਧਾਨ ਸਭਾ ਹਲਕਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਬੀ.ਐਲ.ਓਜ਼. ਨੂੰ ਪੋਲਿੰਗ ਸਟੇਸ਼ਨਾਂ ਉਪਰ ਬਿਠਾਉਣਾ ਯਕੀਨੀ ਬਣਾਇਆ ਜਾਵੇ ਅਤੇ ਕੈਂਪ ਦੌਰਾਨ ਖੁਦ ਵੀ ਪੋਲਿੰਗ ਸਟੇਸ਼ਨ ਤੇ ਬੀ.ਐਲ.ਓਜ਼. ਨੂੰ ਲੋੜੀਂਦੇ ਸਹਿਯੋਗ ਲਈ ਹਾਜਰ ਰਹਿਣਾ ਯਕੀਨੀ ਬਣਾਇਆ ਜਾਵੇ। ਬੂਥਾਂ ਦੇ ਏਰੀਏ ਵਿੱਚ ਕੈਂਪ ਸਬੰਧੀ ਮੁਨਾਦੀ ਕਰਵਾ ਦਿੱਤੀ ਜਾਵੇ।
5. ਸਮੂਹ ਬੀ.ਐਲ.ਓਜ਼. 092 ਬਠਿੰਡਾ (ਸ਼ਹਿਰੀ) ਵਿਧਾਨ ਸਭਾ ਹਲਕਾ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਪੋਲਿੰਗ ਸਟੇਸ਼ਨਾਂ ਉਪਰ ਹਾਜਰੀ ਯਕੀਨੀ ਬਣਾਈ ਜਾਵੇ ਅਤੇ ਈ.ਐਫ. ਪ੍ਰਾਪਤ ਕੀਤੇ ਜਾਣ ਅਤੇ ਜਿਹੜੇ ਪਹਿਲਾਂ ਪ੍ਰਾਪਤ ਫਾਰਮ ਆਪ ਪਾਸ ਪਏ ਹਨ, ਉਨ੍ਹਾਂ ਨੂੰ ਡਿਜ਼ੀਟਾਇਜ ਕਰ ਦਿੱਤਾ ਜਾਵੇ।
6. ਸਮੂਹ ਰਾਜਨੀਤਿਕ ਪਾਰਟੀਆਂ ਵਲੋਂ ਨਿਯੁਕਤ ਬੀ.ਐਲ.ਏ.-1 ਪਾਸ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਆਪ ਵਲੋਂ ਨਿਯੁਕਤ ਕੀਤੇ ਗਏ ਬੀ.ਐਲ.ਏ.-2 ਨੂੰ ਉਕਤ ਕੈਂਪਾਂ ਵਿੱਚ ਹਾਜਰ ਹੋ ਕੇ ਬੀ.ਐਲ.ਓਜ਼. ਨਾਲ ਲੋੜੀਂਦਾ ਸਹਿਯੋਗ ਕਰਵਾਉਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਅਤੇ ਇਸ ਸਬੰਧੀ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ/ ਮੁਨਾਦੀ ਕਰਵਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
092 ਬਠਿੰਡਾ ਸ਼ਹਿਰੀ -ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 1196 ਮਿਤੀ : 24.07.26

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

24/7/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

Scanned with CamScanner